# ਫਿੱਕੀ ਵੱਲੋਂ ਸੁਸ਼ਮਾ ਬਰਲੀਆ ਦਾ ਸਨਮਾਨ

ਜਲੰਧਰ, 13 ਨਵੰਬਰ (ਸੁਮਿਤ ਦੁੱਗਲ)- ਏ.ਪੀ.ਜੇ. ਐਜੂਕੇਸ਼ਨ ਸੁਸਾਇਟੀ ਦੀ ਪ੍ਰਧਾਨ ਤੇ ਏ.ਪੀ.ਜੇ. ਸੱਤਿਆ ਯੂਨੀਵਰਸਿਟੀ ਦੀ ਚਾਂਸਲਰ ਸੁਸ਼ਮਾ ਬਰਲੀਆ ਨੂੰ ਸਿੱਖਿਆ ਦੇ ਖੇਤਰ 'ਚ ਵਿਸ਼ੇਸ਼ ਯੋਗਦਾਨ ਦੇ ਲਈ ਫੈਡਰੇਸ਼ਨ ਆਫ ਇੰਡੀਅਨ ਚੈਂਬਰ ਆਫ ਕਾਮਰਸ ਤੇ ਇੰਡਸਟਰੀ (ਫਿੱਕੀ) ਵੱਲੋਂ ਕਰਵਾਏ ਗਏ ਉੱਚ ਸਿੱਖਿਆ ਸੰਮੇਲਨ 2013 ਦੌਰਾਨ ਸਨਮਾਨਿਤ ਕੀਤਾ ਗਿਆ। ਇਸ ਸੰਮੇਲਨ ਦੇ ਵਿਚ ਕੇਂਦਰੀ ਰਾਜ ਮੰਤਰੀ ਸ਼ਸ਼ੀ ਥਰੂਰ ਉਚੇਚੇ ਤੌਰ 'ਤੇ ਹਾਜ਼ਰ ਹੋਏ। ਇਸ ਸਨਮਾਨ ਦੇ ਲਈ ਫਿੱਕੀ ਦਾ ਧੰਨਵਾਦ ਕਰਦੇ ਹੋਏ ਸੁਸ਼ਮਾ ਬਰਲੀਆ ਨੇ ਕਿਹਾ ਕਿ ਉਹ ਆਪਣਾ ਇਹ ਐਵਾਰਡ ਆਪਣੇ ਮਰਹੂਮ ਪਿਤਾ ਸੱਤਿਆਪਾਲ ਨੂੰ ਸਮਰਪਿਤ ਕਰਦੇ ਹਨ।